**ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਹੋਰ ਪੱਛੜੀਆਂ ਸ੍ਰੇਣੀਆਂ ਦੇ ਵਿਦਿਆਰਥੀਆਂ ਨੂੰ ਸਕਾਲਰਸਿਪ ਦੇਣ ਬਾਰੇ।**

ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਫਾਰ ਓ.ਬੀ.ਸੀ. ਸਟੂਡੈਂਟਸ/ਕੇਂਦਰੀ ਪ੍ਰਾਯੋਜਿਤ ਸਕੀਮ (ਸਟੇਟ ਪਲਾਨ) ਤਹਿਤ ਭਾਰਤ ਸਰਕਾਰ ਦੀ ਸਹਾਇਤਾ ਨਾਲ ਪੰਜਾਬ ਰਾਜ ਵਿੱਚ ਹੋਰ ਪੱਛੜੀਆਂ ਸ੍ਰੇਣੀਆਂ ਦੇ ਪਹਿਲੀ ਤੋਂ ਦੱਸਵੀਂ ਜਮਾਤ ਵਿੱਚ ਪੜ੍ਹ ਰਹੇ, ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਲਾਗੂ ਕੀਤੀ ਗਈ ਹੈ। ਇਹ ਸਕੀਮ ਭਾਰਤ ਸਰਕਾਰ ਵਲੋ ਸਾਲ 1998-99 ਵਿੱਚ ਸੁਰੂ ਕੀਤੀ ਗਈ ਹੈ। ਇਸ ਸਕੀਮ ਅਧੀਨ, ਹੋਰ ਪੱਛੜੀ ਸ੍ਰੇਣੀ ਦੇ ਅਜਿਹੇ ਵਿਦਿਆਰਥੀਆਂ ਨੂੰ ਕਵਰ ਕੀਤਾ ਜਾਣਾ ਹੈ, ਜਿਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 44,500/-ਰੁਪਏ ਤੋਂ ਵੱਧ ਨਾ ਹੋਵੇ। ਇਸ ਸਕੀਮ ਤਹਿਤ ਵਜੀਫੇ ਦੇ ਰੇਟ ਹੇਠ ਲਿਖੇ ਅਨੁਸਾਰ ਨਿਸ਼ਚਿਤ ਕੀਤੇ ਗਏ ਹਨ :-

**ਡੇ-ਸਕਾਲਰ**

| | | |
|---|---|---|
| 1 | ਪਹਿਲੀ ਤੋਂ ਪੰਜਵੀਂ ਜਮਾਤ | 25/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ (ਸਾਲ ਵਿੱਚ 10 ਮਹੀਨਿਆਂ ਲਈ ) |
| 2 | ਛੇਵੀਂ ਤੋਂ ਅੱਠਵੀਂ ਜਮਾਤ | 40/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ (ਸਾਲ ਵਿੱਚ 10 ਮਹੀਨਿਆਂ ਲਈ ) |
| 3 | ਨੌਵੀਂ ਤੋਂ ਦਸਵੀਂ ਜਮਾਤ | 50/-ਰੁਪਏ ਪ੍ਰਤੀ ਮਹੀਨਾ ਪ੍ਰਤੀ ਵਿਦਿਆਰਥੀ (ਸਾਲ ਵਿੱਚ 10 ਮਹੀਨਿਆਂ ਲਈ ) |

ਐਡਹਾਕ ਗਰਾਂਟ

ਇਸ ਸਕੀਮ ਤਹਿਤ 500/-ਰੁਪਏ ਸਲਾਨਾ ਐਡਹਾਕ ਗਰਾਂਟ ਵੀ ਯੋਗ ਵਿਦਿਆਰਥੀਆਂ ਨੂੰ ਦਿੱਤੀ ਜਾਂਦੀ ਹੈ।

ਇਸ ਸਕੀਮ ਤਹਿਤ ਰਾਜ ਸਰਕਾਰ ਦੀ ਕਮਿਟਿਡ ਲਾਇਬਿਲਟੀ ਤੋਂ ਇਲਾਵਾ ਬਾਕੀ ਬਚਦੀ ਰਕਮ ਰਾਜ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ 50:50 ਦੇ ਅਨੁਪਾਤ ਵਿੱਚ ਖਰਚ ਕੀਤੀ ਜਾਦੀ ਹੈ। ਇਹ ਸਕੀਮ ਡੀ.ਪੀ.ਆਈ.(ਸ) ਅਤੇ ਡੀ.ਪੀ.ਆਈ.(ਐ:ਸਿ) ਰਾਂਹੀ ਲਾਗੂ ਕੀਤੀ ਜਾਂਦੀ ਸੀ। ਪਰੰਤੂ ਸਾਲ 2012-13 ਤੋ ਵਿਦਿਆਰਥੀਆਂ ਨੂੰ ਆਨ ਲਾਈਨ ਮਨੇਜਮੈਂਟ ਸਿਸਟਮ ਰਾਂਹੀ ਸਕਾਲਰਸਿਪ ਦੀ ਅਦਾਇਗੀ ਕਰਨ ਲਈ ਸਰਕਹਰ ਵਲੋ ਪ੍ਰਾਪਤ ਹੋਈਆਂ ਹਦਾਇਤਾਂ ਅਨੁਸਾਰ ਹੁਣ ਸਕੀਮ ਅਧੀਨ ਯੋਗ ਵਿਦਿਆਰਥੀਆਂ ਦੀਆਂ ਪ੍ਰਾਪਤ ਹੋਈਆਂ ਸੂਚੀਆਂ ਅਨੁਸਾਰ ਸਾਲ 2012-13 ਤੋ ਆਨ-ਲਾਈਨ ਮਨੇਜਮੈਂਟ ਸਿਸਟਮ ਰਾਂਹੀ ਵਿਦਿਆਰਥੀਆਂ ਦੇ ਖਾਤਿਆ ਵਿੱਚ ਬੈਂਕਾਂ ਰਾਂਹੀ ਸਕਾਲਰਸਿਪ ਦੀ ਰਾਸੀ ਅਦਾ ਕੀਤੀ ਜਾਂਦੀ ਹੈ।